# ਮੀਡੀਆ ਐਡਵਾਈਜ਼ਰੀ

**2025 ਯੂਨੀਅਨ ਆਫ ਬੀ.ਸੀ. ਮਿਊਂਸੀਪੈਲਿਟੀਜ਼ ਕਨਵੈੱਨਸ਼ਨ**
**22 ਤੋਂ 26 ਸਤੰਬਰ, 2025 - ਵਿਕਟੋਰੀਆ, ਬੀ.ਸੀ. ਵਿੱਚ**
**ਮੀਡੀਆ ਦੀ ਪਹੁੰਚ ਲਈ ਅਗਾਊਂ ਰਜਿਸਟ੍ਰੇਸ਼ਨ ਖੁੱਲ੍ਹੀ ਹੈ।**

**ਵਿਕਟੋਰੀਆ, ਬੀ.ਸੀ. (21 ਅਗਸਤ, 2025)** – ਮੀਡੀਆ ਦੇ ਮੈਂਬਰਾਂ ਨੂੰ 22 ਤੋਂ 26 ਸਤੰਬਰ ਤੱਕ ਵਿਕਟੋਰੀਆ ਕਾਨਫਰੰਸ ਸੈਂਟਰ ਵਿਖੇ ਹੋਣ ਵਾਲੀ 2025 ਯੂਨੀਅਨ ਆਫ਼ ਬ੍ਰਿਟਿਸ਼ ਕੋਲੰਬੀਆ ਮਿਊਂਸੀਪੈਲਿਟੀਜ਼ (ਯੂ ਬੀ ਸੀ ਐੱਮ) ਕਨਵੈੱਨਸ਼ਨ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

ਇਹ ਸਮਾਗਮ ਸੂਬੇ ਵਿੱਚੋਂ ਚੁਣੇ ਹੋਏ ਅਧਿਕਾਰੀਆਂ ਦਾ ਸਭ ਤੋਂ ਵੱਡਾ ਸਾਲਾਨਾ ਇਕੱਠ ਹੈ, ਜਿਸ ਵਿੱਚ ਉਹ ਪੰਜ ਦਿਨ ਰਲ-ਮਿਲ ਕੇ ਕੰਮ ਕਰਦੇ ਹਨ ਅਤੇ ਫੈਸਲੇ ਲੈਂਦੇ ਹਨ। ਇਸ ਸਾਲ ਦਾ ਥੀਮ, **ਚਾਰਟਿੰਗ ਦਾ ਕੋਰਸ,** ਸੂਬੇ ਦੇ ਸਭ ਤੋਂ ਜ਼ਰੂਰੀ ਮੁੱਦਿਆਂ, ਜਿਨ੍ਹਾਂ ਵਿੱਚ ਰਿਹਾਇਸ਼ ਨੂੰ ਪੁੱਜਤ ਵਿੱਚ ਕਰਨ, ਜਲਵਾਯੂ ਪਰਿਵਰਤਨ ਦੀ ਤਿਆਰੀ ਅਤੇ ਆਰਥਿਕ ਵਿਕਾਸ ਸ਼ਾਮਲ ਹਨ, ਨਾਲ ਨਜਿੱਠਣ ਲਈ ਇੱਕ ਸਾਂਝੀ ਵਚਨਬੱਧਤਾ 'ਤੇ ਜ਼ੋਰ ਦਿੰਦਾ ਹੈ।

ਕਨਵੈੱਨਸ਼ਨ ਦੇ ਸ਼ੁਰੂਆਤੀ ਪ੍ਰੋਗਰਾਮ ਦੇ ਵੇਰਵੇ ਕਨਵੈੱਨਸ਼ਨ ਦੀ ਵੈੱਬਸਾਈਟ 'ਤੇ ਮਿਲ ਸਕਦੇ ਹਨ। ਏਜੰਡੇ ਦੇ ਕੁਝ ਮੁੱਖ ਅੰਸ਼ਾਂ ਵਿੱਚ ਸ਼ਾਮਲ ਹਨ:

- ਬੀ.ਸੀ. ਦੀਆਂ ਸਾਰੀਆਂ ਪਾਰਟੀਆਂ ਦੇ ਆਗੂਆਂ ਦੇ ਭਾਸ਼ਣ ਜਿਨ੍ਹਾਂ ਵਿੱਚ ਸ਼ਾਮਲ ਹਨ:
  - **ਜੌਨ ਰੁਸਟੈਡ**, ਵਿਰੋਧੀ ਧਿਰ ਦੇ ਨੇਤਾ ਅਤੇ ਬੀ.ਸੀ. ਕੰਜ਼ਰਵੇਟਿਵ ਪਾਰਟੀ ਦੇ ਨੇਤਾ, ਵੀਰਵਾਰ, 25 ਸਤੰਬਰ ਨੂੰ
  - **ਮਾਣਯੋਗ ਡੇਵਿਡ ਈਬੀ**, ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ, ਸ਼ੁੱਕਰਵਾਰ, 26 ਸਤੰਬਰ ਨੂੰ।
- ਯੂ ਬੀ ਸੀ ਐੱਮ ਦੇ ਪ੍ਰਧਾਨ ਟ੍ਰਿਸ਼ ਮੈਂਡੇਵੋ ਦੁਆਰਾ ਸੰਬੋਧਨ ਬੁੱਧਵਾਰ, 24 ਸਤੰਬਰ ਨੂੰ।
- ਮਾਰਸੀ ਗ੍ਰਾਸਮੈਨ, ਜਿਹੜੇ ਕਿ ਸ਼ਾਂਤੀ ਨੂੰ ਅੱਗੇ ਵਧਾਉਣ, ਔਰਤਾਂ ਨੂੰ ਸਮਰੱਥ ਬਣਾਉਣ ਅਤੇ ਵਿਸ਼ਵ-ਵਿਆਪੀ ਨਵੀਨਤਾ ਨੂੰ ਅੱਗੇ ਵਧਾਉਣ ਲਈ ਮਸ਼ਹੂਰ ਉੱਘੇ ਕੈਨੇਡੀਅਨ ਡਿਪਲੋਮੈਟ ਹਨ, ਦਾ ਮੁੱਖ ਭਾਸ਼ਣ।
- *ਪੁੱਜਤ ਵਾਲੀ ਰਿਹਾਇਸ਼ ਪ੍ਰਦਾਨ ਕਰਨੀ (ਡਲਿਵਰਿੰਗ ਅਫੋਰਡਏਬਲ ਹਾਊਸਿੰਗ) : ਚੁਨੌਤੀਆਂ ਅਤੇ ਮੌਕੇ (ਚੈਲੇਂਜਿਸ ਐਂਡ ਅਪਰਚੁਨਿਟੀਜ਼)* ਬਾਰੇ ਅਧਿਐਨ ਸੈਸ਼ਨ। ਅਤੇ *ਗੜਬੜੀ ਵਾਲਾ ਡਾਊਨਟਾਊਨ (ਡਿਸਔਰਡਰਡ ਡਾਊਨਟਾਊਨ): ਲੋੜਵੰਦਾਂ ਲਈ ਦੇਖਭਾਲ ਮੁੜ ਵਿਚਾਰ (ਰੀਥਿੰਕਿੰਗ ਕੇਅਰ ਫਾਰ ਦੋਜ਼ ਇਨ ਨੀਡ)*, 22 ਸਤੰਬਰ ਨੂੰ।

ਕਨਵੈੱਨਸ਼ਨ ਦੇ ਪ੍ਰਸਤਾਵਾਂ ਦੀ ਕਿਤਾਬ ਹੁਣ ਉਪਲਬਧ ਹੈ। ਡੈਲੀਗੇਟ ਸਥਾਨਕ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਮੁੱਦਿਆਂ 'ਤੇ 200 ਤੋਂ ਵੱਧ ਪ੍ਰਸਤਾਵਾਂ 'ਤੇ ਵਿਚਾਰ ਕਰਨਗੇ।

ਸ਼ਾਮਲ ਹੋਣ ਦੇ ਚਾਹਵਾਨ ਸਾਰੇ ਮੀਡੀਆ ਪ੍ਰਤੀਨਿਧੀਆਂ ਲਈ ਅਧਿਕਾਰਤ ਮਨਜ਼ੂਰੀ ਪ੍ਰਾਪਤ ਕਰਨ ਲਈ ਪਹਿਲਾਂ ਤੋਂ ਰਜਿਸਟਰੇਸ਼ਨ ਕਰਨੀ ਜ਼ਰੂਰੀ ਹੈ।

**ਕਿਰਪਾ ਕਰਕੇ ਇੱਥੇ ਔਨਲਾਈਨ ਰਜਿਸਟਰੇਸ਼ਨ ਕਰੋ।**

## ਯੂ ਬੀ ਸੀ ਐੱਮ ਬਾਰੇ

ਦਾ ਯੂਨੀਅਨ ਆਫ ਬੀ.ਸੀ. ਮਿਊਂਸੀਪੈਲਿਟੀਜ਼ (ਬੀ.ਸੀ. ਦੀਆਂ ਨਗਰ ਪਾਲਿਕਾਵਾਂ ਦੀ ਯੂਨੀਅਨ) 1905 ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਸਥਾਨਕ ਸਰਕਾਰ ਦੀ ਆਵਾਜ਼ ਰਹੀ ਹੈ। ਸਾਲਾਨਾ ਕਨਵੈੱਨਸ਼ਨ ਸਾਡੇ ਮੈਂਬਰਾਂ ਨੂੰ ਨੀਤੀ ਸਥਾਪਤ ਕਰਨ ਅਤੇ ਸਾਂਝੇ ਸਰੋਕਾਰਾਂ ਦੇ ਮਾਮਲਿਆਂ 'ਤੇ ਸੂਬਾਈ ਨੇਤਾਵਾਂ ਨਾਲ ਜੁੜਨ ਲਈ ਇੱਕ ਮੰਚ ਪ੍ਰਦਾਨ ਕਰਦੀ ਹੈ।

# ਮੀਡੀਆ ਐਡਵਾਈਜ਼ਰੀ

**ਯੂ ਬੀ ਸੀ ਐੱਮ ਨੂੰ X (ਟਵਿੱਟਰ) 'ਤੇ ਫਾਲੋ ਕਰੋ: @UBCM**
**ਹੈਸ਼ਟੈਗ: #UBCM25**
**ਵੈੱਬਸਾਈਟ: ubcm.ca**

**-30-**

**ਮੀਡੀਆ ਸੰਪਰਕ:**


ਪਾਲ ਟੇਲਰ
ਡਾਇਰੈਕਟਰ ਆਫ ਕਮਿਊਨੀਕੇਸ਼ਨਜ਼
ਯੂ ਬੀ ਸੀ ਐੱਮ
250.898.8476
ptaylor@ubcm.ca

ਕਾਇਰਾ ਸਟੀਵਰਟ
ਡਾਇਰੈਕਟਰ ਆਫ ਕਲਾਇੰਟ ਸਰਵਿਸਿਜ਼
ਕਿਰਕ ਐਂਡ ਕੰਪਨੀ
778.386.5964
kyrastewart@kirkandco.ca